
ਜੈ ਗੁਰਦੇਵ!

ਧੰਨ ਗੁਰਦੇਵ!




**ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ**


ਪ੍ਰਕਾਸ਼ਕ:

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**

ਹੈੱਡ-ਆਫ਼ਿਸ : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ - 144004

ਸਬ-ਆਫ਼ਿਸ : ਪਿੰਡ ਤੇ ਡਾ: ਬਿਨਪਾਲਕੇ, ਨੇੜੇ ਭੋਗਪੁਰ, ਜਿਲਾ ਜਲੰਧਰ - 144201

ਫੋਨ ਨੰ: ਹੈੱਡ-ਆਫ਼ਿਸ - 9417610120, ਸਬ-ਆਫਿਸ - 9814839944

ਕੀਮਤ - ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ      ਪਹਿਲੀ ਵਾਰ 8000, ਦਸੰਬਰ 2010

**ਜੀਵਨ ਸ੍ਰੀ ਗੁਰੂ ਰਵਿਦਾਸ ਜੀ :-** ਸ੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਦੇ ਲੋਕ ਅਨੇਕਾਂ ਪ੍ਰਕਾਰ ਦੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸ਼ਾਂ, ਜਾਤ-ਪਾਤ, ਊਚ-ਨੀਚ ਅਤੇ ਫਜ਼ੂਲ ਦੇ ਧਾਰਮਿਕ ਕਰਮ-ਕਾਂਡਾਂ ਵਿਚ ਫਸੇ ਹੋਏ ਸਨ, ਧਾਰਮਿਕ ਅਡੰਬਰ ਤਾਂ ਬਹੁਤ ਹੁੰਦੇ ਸਨ ਪਰ ਇਸ ਖਲਕਤ ਨੂੰ ਪੈਦਾ ਕਰਨ ਵਾਲੇ ਪਾਰਬ੍ਰਹਮ ਪ੍ਰਮਾਤਮਾ ਦੀ ਪੂਜਾ ਦਾ ਕਿਤੇ ਨਾਮੋ ਨਿਸ਼ਾਨ ਵੀ ਨਹੀਂ ਸੀ। ਗੁਰੂ ਰਵਿਦਾਸ ਜੀ ਨੇ ਇਸ ਸੰਸਾਰ ਤੇ ਆ ਕੇ ਇਸ ਅੰਧ-ਵਿਸ਼ਵਾਸੀ ਅਤੇ ਤਰਕਹੀਣ ਪੂਜਾ ਦੀ ਜਗ੍ਹਾ ਕੇਵਲ ਇਕ ਪ੍ਰਮਾਤਮਾ ਦੇ ਸੰਕਲਪ ਵਾਲੀ ਵਿਸ਼ਵ-ਵਿਆਪੀ, ਵਿਸ਼ਵ ਸ਼ਾਂਤੀ ਤੇ ਸਾਂਝੀਵਾਲਤਾ ਦੀ ਨਵੀਂ ਨਰੋਈ ਧਾਰਮਿਕ ਵਿਚਾਰਧਾਰਾ ਪ੍ਰਦਾਨ ਕੀਤੀ। ਗੁਰੂ ਜੀ ਦੇ ਆਗਮਨ ਬਾਬਤ ਸੰਤ ਕਰਮ ਦਾਸ ਜੀ ਦਾ ਦੋਹਾ ਬੜਾ ਪ੍ਰਸਿੱਧ ਹੈ।

*ਚੌਦਾਂ ਸੈ ਤੇਤੀਸ ਕੀ, ਮਾਘ ਸੁਦੀ ਪੰਦਰਾਸ॥*
*ਦੁਖੀਓਂ ਕੇ ਕਲਿਆਣ ਹਿਤ, ਪ੍ਰਗਟੇ ਸ੍ਰੀ ਰਵਿਦਾਸ॥*

ਗੁਰੂ ਜੀ ਦਾ ਆਗਮਨ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਸੰਨ 1377 ਈ: ਨੂੰ ਬਨਾਰਸ ਦੀ ਮਹਾਨ ਧਰਤੀ ਸੀਰ ਗੋਵਰਧਨਪੁਰ ਸਾਹਿਬ ਵਿਖੇ ਪਿਤਾ ਸ੍ਰੀ ਸੰਤੋਖ ਦਾਸ ਜੀ ਦੇ ਘਰ ਮਾਤਾ ਕਲਸਾਂ ਜੀ ਦੀ ਕੁੱਖੋਂ ਹੋਇਆ। ਗੁਰੂ ਜੀ ਦੀ ਸ਼ਾਦੀ ਮਾਤਾ ਲੋਨਾ ਜੀ ਨਾਲ ਹੋਈ, ਜਿਨ੍ਹਾ ਦੀ ਕੁੱਖੋਂ ਇਕ ਪੁੱਤਰ ਸ੍ਰੀ ਵਿਜੈ ਦਾਸ ਜੀ ਨੇ ਜਨਮ ਲਿਆ।

**ਗੁਰੂ ਜੀ ਦੀ ਬਾਣੀ :-** ਗੁਰੂ ਸਾਹਿਬ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ ਜਿਸ ਨੂੰ ਪੜ੍ਹ ਕੇ ਮਨੁੱਖ ਨੂੰ ਸਹੀ ਜੀਵਨ ਜਾਚ ਆਉਂਦੀ ਹੈ 'ਤੇ ਪਾਰਬ੍ਰਹਮ ਪ੍ਰਮਾਤਮਾ ਦੇ ਮਿਲਾਪ ਲਈ ਸੱਚ ਦੇ ਮਾਰਗ ਦਾ ਗਿਆਨ ਹੁੰਦਾ ਹੈ। ਇਹ ਬਾਣੀ ਸਾਨੂੰ ਕਰਮ-ਕਾਂਡਾ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਤੋਂ ਉੱਪਰ ਉੱਠਕੇ ਇੱਕ ਸੁਚੱਜਾ ਜੀਵਨ ਜੀਉਣ ਦੀ ਸੇਧ ਦਿੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਜੀ ਦੇ 40 ਸ਼ਬਦ ਅਤੇ ਇਕ ਸਲੋਕ 16 ਰਾਗਾਂ ਵਿਚ ਅੰਕਿਤ ਹਨ। ਇਸ ਤੋਂ ਇਲਾਵਾ ਗੁਰੂ ਜੀ ਦੀ ਬਹੁਤ ਸਾਰੀ ਬਾਣੀ ਉਤਰ-ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਦੀਆਂ ਲਾਇਬ੍ਰੇਰੀਆਂ ਦੇ ਹੱਥ ਲਿਖਤ 'ਤੇ ਪ੍ਰਕਾਸ਼ਿਤ ਗ੍ਰੰਥਾਂ ਵਿਚੋਂ ਅਤੇ ਵੱਖ-ਵੱਖ ਸੰਪਰਦਾਵਾਂ ਦੇ ਡੇਰਿਆਂ ਦੇ ਗ੍ਰੰਥਾਂ ਵਿੱਚੋਂ ਮਿਲਦੀ ਹੈ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਗ੍ਰੰਥ ਵਿਚ ਗੁਰੂ ਜੀ ਦੀ ਬਹੁਤ ਸਾਰੀ ਬਾਣੀ ਸੁਭਾਇਮਾਨ ਹੈ।

**ਗੁਰੂ ਰਵਿਦਾਸ ਜੀ ਦੇ ਗੁਰੂ ਅਤੇ ਉਹਨਾਂ ਦੇ ਇਸ਼ਟ:-** ਪਹਿਲੋਂ-ਪਹਿਲ ਕੁੱਝ ਵਿਦਵਾਨਾਂ ਨੇ ਲਿਖਿਆ ਸੀ ਕਿ ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ, ਪਰ ਪਿਛਲੇ ਕੁਝ ਸਾਲਾਂ ਤੋਂ ਗੁਰੂ ਜੀ ਦੇ ਜੀਵਨ, ਇਤਿਹਾਸ ਅਤੇ ਉਹਨਾ ਦੀ ਬਾਣੀ ਉਪਰ ਹੋਈ ਨਵੀਨ ਖੋਜ ਨੇ ਇਹ ਸਾਬਿਤ ਕੀਤਾ ਹੈ ਕਿ ਗੁਰੂ ਰਵਿਦਾਸ ਜੀ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਸਨ। ਉਹਨਾਂ ਦਾ ਕੋਈ ਵੀ ਦੇਹਧਾਰੀ ਜਾਂ ਅਖੌਤੀ ਭਗਵਾਨ ਗੁਰੂ ਨਹੀ ਸੀ। ਗੁਰੂ ਜੀ

ਦਾ ਇਸ਼ਟ (ਭਾਵ ਜਿਸ ਦੀ ਗੁਰੂ ਜੀ ਪੂਜਾ, ਸਿਮਰਨ ਕਰਦੇ ਸਨ) ਵੀ ਕੇਵਲ ਪਾਰਬ੍ਰਹਮ ਪ੍ਰਮਾਤਮਾ ਹੀ ਹੈ। ਇਸ ਦਾ ਸਪੱਸ਼ਟ ਵਰਣਨ ਗੁਰੂ ਜੀ ਦੀ ਬਾਣੀ ਤੋਂ ਹੁੰਦਾਂ ਹੈ। ਸੋ ਗੁਰੂ ਜੀ ਦਾ ਇਸ਼ਟ ਕਦੇ ਵੀ ਕੋਈ ਅਖੌਤੀ ਭਗਵਾਨ, ਅਵਤਾਰ, ਕੋਈ ਮੂਰਤੀ, ਠਾਕਰ (ਪੱਥਰ), ਦੇਵੀ-ਦੇਵਤਾ ਜਾਂ ਵੇਦ ਪੁਰਾਣ ਨਹੀ ਸੀ। ਗੁਰੂ ਜੀ ਕੇਵਲ ਪਾਰਬ੍ਰਹਮ ਪ੍ਰਮਾਤਮਾ ਦਾ ਸਿਮਰਨ ਕਰਦੇ ਸਨ ਅਤੇ ਸਾਨੂੰ ਵੀ ਉਸ ਪਾਰਬ੍ਰਹਮ ਨਾਲ ਜੁੜਨ ਦਾ ਆਦੇਸ਼ ਦਿੰਦੇ ਹਨ। ਗੁਰੂ ਜੀ ਨੇ ਅਪਣੇ ਜੀਵਨ ਦੇ ਸੰਘਰਸ਼ ਅਤੇ ਫਲਸਫੇ ਦਾ ਨਿਚੋੜ ਦਿੰਦੇ ਹੋਏ ਇੱਕ ਅਟੱਲ ਸਿਧਾਂਤ ਪੇਸ਼ ਕਰਕੇ ਕਿਹਾ, ਐਹ ਮਨੁੱਖ! ਜੇਕਰ ਤੂੰ ਆਪਣੇ ਜੀਵਨ ਨੂੰ ਸੁਧਾਰਨਾ ਹੈ, ਪ੍ਰਭ ਨੂੰ ਪਾ ਕੇ ਮੁਕਤ ਹੋਣਾ ਹੈ ਤਾਂ ਕਰਮ-ਕਾਂਡਾਂ ਨੂੰ ਤਿਆਗ ਕੇ ਕੇਵਲ ਪਾਰਬ੍ਰਹਮ ਨਾਲ ਜੁੜ। ਗੁਰੂ ਜੀ ਦਾ ਅਟੱਲ ਫੁਰਮਾਨ ਹੈ:-

*ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ॥*

ਗੁਰੂ ਜੀ ਫੁਰਮਾਨ ਕਰਦੇ ਹਨ ਕਿ ਮੈਂ ਇਹ ਅਟੱਲ ਸੱਚਾਈ ਆਖ ਰਿਹਾ ਹਾਂ ਕਿ ਜਿਹੜਾ ਵੀ ਮਨੁੱਖ ਆਪਣੇ ਅਸਲੇ ਪਾਰਬ੍ਰਹਮ ਪ੍ਰਮਾਤਮਾ ਦੇ ਸਿਮਰਨ ਅਤੇ ਉਸ ਦੀ ਵਿਚਾਰਧਾਰਾ ਨੂੰ ਛੱਡ ਕੇ ਕਿਸੇ ਹੋਰ ਦੀ ਪੂਜਾ, ਸੇਵਾ ਵਿਚ ਲੱਗ ਕੇ ਮੁਕਤ ਹੋਣ ਦੀ ਆਸ ਲਾਈ ਬੈਠਾ ਹੈ, ਉਹ ਜੀਵ ਨਿਰਸੰਦੇਹ ਨਰਕਾਂ ਨੂੰ ਜਾਵੇਗਾ ਭਾਵ ਮੁਕਤ ਨਹੀਂ ਹੋਵੇਗਾ।

**ਗੁਰੂ ਜੀ ਦੀ ਵਿਚਾਰਧਾਰਾ :-** ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਬੜੀ ਉੱਚੀ-ਸੁੱਚੀ ਵਿਚਾਰਧਾਰਾ ਹੈ। ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਪੂਰੇ ਸੰਸਾਰ ਵਿੱਚ ਕਿਤੇ ਵੀ ਇਹ ਵਿਚਾਰਧਾਰਾ ਪ੍ਰਚੱਲਿਤ ਨਹੀਂ ਸੀ। ਇਸ ਅਸੀਮ ਵਿਚਾਰਧਾਰਾ ਦਾ ਵਰਣਨ ਕਰਨਾ ਬੜਾ ਕਠਿਨ ਹੈ। ਆਪਾ ਸੰਵਾਰਨ ਲਈ ਅਸੀਂ ਇਸ ਨੂੰ ਦੋ ਭਾਗਾਂ ਵਿੱਚ ਵੰਡ ਸਕਦੇ ਹਾਂ:-

(ੳ) ਸਿਧਾਂਤਕ ਵਿਚਾਰਧਾਰਾ
(ਅ) ਅਧਿਆਤਮਕ ਵਿਚਾਰਧਾਰਾ

**(ੳ) ਸਿਧਾਂਤਕ ਵਿਚਾਰਧਾਰਾ :-** ਇਹ ਵਿਚਾਰਧਾਰਾ ਪ੍ਰਭ ਪ੍ਰਾਪਤੀ ਦੀ ਪਹਿਲੀ ਮੰਜਿਲ ਹੈ ਜਿਸ ਨੂੰ ਧਾਰਨ ਕੀਤੇ ਬਿਨਾਂ ਮਨੁੱਖ ਅਧਿਆਤਮਕ ਵਿਚਾਰਧਾਰਾ ਵਿਚ ਸਫਲ ਨਹੀਂ ਹੋ ਸਕਦਾ। ਇਹ ਵਿਚਾਰਧਾਰਾ ਮਨੁੱਖ ਦੀ ਸੋਚ ਨੂੰ ਸਹੀ ਮਾਰਗ'ਤੇ ਲਿਆਉਂਦੀ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਅਨੇਕਾਂ ਸਿਧਾਂਤ ਦਿੱਤੇ ਹਨ, ਆਉ ਉਨ੍ਹਾਂ ਨੂੰ ਜਾਣੀਏ।

**ਆਦਿ ਪੁਰਖ (ਪ੍ਰਮਾਤਮਾ) ਕੇਵਲ ਇਕ ਹੈ:-** ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿੱਚ ਇਹ ਵਿਚਾਰਧਾਰਾ ਚੱਲ ਰਹੀ ਸੀ ਕਿ ਬ੍ਰਹਮਾ ਜੀ ਦੁਨੀਆ ਨੂੰ ਪੈਦਾ ਕਰਦੇ ਹਨ, ਵਿਸ਼ਨੂੰ ਜੀ ਪਾਲਦੇ ਹਨ, ਤੇ ਸ਼ਿਵ ਜੀ ਸੰਘਾਰ ਕਰਦੇ ਹਨ ਤੇ ਇਹਨਾ ਨੂੰ ਪ੍ਰਮਾਤਮਾ ਮੰਨ ਕੇ ਪੂਜਿਆ ਜਾਂਦਾ ਸੀ। ਲੇਕਿਨ ਗੁਰੂ ਰਵਿਦਾਸ ਜੀ ਇਹ ਵਿਚਾਰਧਾਰਾ ਨੂੰ ਨਹੀਂ ਮੰਨਦੇ ਅਤੇ ਗੁਰੂ ਗ੍ਰੰਥ ਸਾਹਿਬ ਦੇ

ਪੰਨਾ 1293 ਉਪਰ ਫੁਰਮਾਉਂਦੇ ਹਨ:-

*ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ,*
*ਤਾਸ ਸਮ ਤੁਲਿ ਨਹੀ ਆਨ ਕੋਊ॥*

ਭਾਵ ਜੋ ਪਾਰਬ੍ਰਹਮ ਪ੍ਰਭ ਦਾ ਸਿਮਰਨ ਕਰਦੇ ਹਨ ਉਨ੍ਹਾ ਦੇ ਬਰਾਬਰ 'ਪਦਮ ਕਵਲਾਸ ਪਤਿ' ਭਾਵ ਪਦਮਾ ਦਾ ਪਤੀ ਵਿਸ਼ਨੂੰ,'ਤੇ ਕੈਲਾਸ਼ ਦਾ ਪਤੀ ਸ਼ਿਵ ਜੀ, 'ਆਨ ਕੋਊ' ਕੋਈ ਹੋਰ ਦੂਜਾ (ਬ੍ਰਹਮਾ) ਵੀ ਨਹੀਂ ਹੈ। ਸੋ ਇਨਾ ਦੀ ਪੂਜਾ ਵਿਧੀ ਦੀ ਥਾਂ ਤੇ ਪਹਿਲੀ ਵਾਰ, ਸਫਲਤਾ ਪੂਰਵਕ ਗੁਰੂ ਰਵਿਦਾਸ ਜੀ ਨੇ ਇੱਕ ਵਿਸ਼ਵ-ਵਿਆਪੀ, ਤਰਕਮਈ'ਤੇ ਵਿਗਿਆਨਕ ਵਿਚਾਰਧਾਰਾ ਪੇਸ਼ ਕੀਤੀ ਹੈ:-

*ਏਕ ਹੀ ਏਕ ਅਨੇਕ ਹੋਇ ਬਿਸਥਰਿਓ ,*
*ਆਨ ਰੇ ਆਨ ਭਰਪੂਰਿ ਸੋਊ॥*

ਅਰਥਾਤ ਪਾਰਬ੍ਰਹਮ ਕੇਵਲ ਤੇ ਕੇਵਲ ਇੱਕ ਹੈ ਤੇ ਉਹ ਅਨੇਕਾਂ ਰੂਪ ਧਾਰ ਕੇ ਭਾਵ ਸ੍ਰਿਸ਼ਟੀ ਸਿਰਜ ਕੇ ਇਸ ਦੇ ਕਣ-ਕਣ ਵਿਚ ਵਿਚਰ ਰਿਹਾ ਹੈ। ਗੁਰੂ ਜੀ ਨੇ ਪਾਰਬ੍ਰਹਮ ਨੂੰ ਕਈ ਨਾਂਵਾਂ ਨਾਲ ਸੰਬੋਧਨ ਕੀਤਾ ਹੈ ਜਿਵੇਂ ਰਾਮ, ਗੁਸਈਆਂ, ਗੋਬਿੰਦ, ਮਾਧਓ, ਸੁਆਮੀ, ਪਤਿਤ ਪਾਵਨ, ਨਾਇਕ, ਮੁਰਾਰਿ, ਮਾਧਵਾ, ਰਮਈਏ ਤੇ ਹੋਰ।

**ਕੇਵਲ ਇੱਕ ਆਦਿ ਪੁਰਖ (ਪ੍ਰਮਾਤਮਾ) ਦੀ ਪੂਜਾ ਕਰੋ:-** ਮਨੁੱਖ ਅਲੱਗ-ਅਲੱਗ ਪੂਜਾ ਵਿਧੀਆਂ ਅਤੇ ਕਈ ਭਗਵਾਨਾਂ, ਦੇਵੀ-ਦੇਵਤਿਆਂ, ਪੀਰਾਂ-ਪੈਗੰਬਰਾਂ, ਠਾਕਰਾਂ, ਮੜੀਆਂ-ਮਸਾਣਾਂ, ਦਰੱਖਤਾਂ,ਪਸ਼ੂਆਂ-ਪੰਛੀਆਂ ਤੇ ਜਾਨਵਰਾਂ ਦੀ ਪੂਜਾ ਵਿਚ ਲੱਗਾ ਹੋਇਆ ਹੈ।(ਅੱਜ-ਕੱਲ੍ਹ ਇਸ ਤਰ੍ਹਾਂ ਵੀ ਦੇਖਣ ਨੂੰ ਮਿਲਦਾ ਹੈ ਕਿ ਇਕ ਪਰਿਵਾਰ ਵਿਚ ਪਿਤਾ ਕਿਸੇ ਦੇਵੀ-ਦੇਵਤੇ ਦੀ ਪੂਜਾ ਕਰਦਾ ਹੈ, ਪੁੱਤਰ ਕਿਸੇ ਪੀਰ ਦੀ ਜਗ੍ਹਾ ਤੇ ਮਾਂ ਕਿਸ ਹੋਰ ਜਗ੍ਹਾ ਦੀ ਪੁਜਾਰਨ ਹੈ।) ਇਨਾਂ ਦੀਆਂ ਪੂਜਾ ਵਿਧੀਆਂ ਵੀ ਅਲੱਗ-ਅਲੱਗ ਹਨ। ਪ੍ਰੰਤੂ ਗੁਰੂ ਰਵਿਦਾਸ ਜੀ ਇਸ ਵਿਚਾਰਧਾਰਾ ਨੂੰ ਰੱਦ ਕਰਕੇ ਕੇਵਲ ਇੱਕ ਪ੍ਰਮਾਤਮਾ ਦੀ ਪੂਜਾ 'ਤੇ ਜੋਰ ਦਿੰਦੇ ਹਨ। ਗੁਰੂ ਜੀ ਨੇ ਆਪਣੀ ਬਾਣੀ ਵਿਚ ਤਾਂ ਚਹੁੰ ਯੁੱਗਾਂ ਦੀ ਪੂਜਾ ਵਿਧੀ ਨੂੰ ਰੱਦ ਕੀਤਾ ਹੈ। ਆਪ ਗੁਰੂ ਗ੍ਰੰਥ ਸਾਹਿਬ ਦੇ ਪੰਨਾ 346 ਤੇ ਫੁਰਮਾਉਂਦੇ ਹਨ:-

*ਸਤੁਜੁਗਿ ਸਤ, ਤੇਤਾ ਜਗੀ, ਦੁਆਪਰਿ ਪੂਜਾਚਾਰ ॥*
*ਤੀਨੌ ਜੁਗ, ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰੁ ॥*

ਸਤਿਯੁਗ ਵਿੱਚ ਪੂਜਾ ਦਾ ਵਿਧਾਨ ਦਾਨ ਕਰਨਾ, ਤ੍ਰੇਤੇ ਵਿੱਚ ਯੱਗ ਕਰਨੇ, ਦੁਆਪਰ ਵਿੱਚ ਦੇਵਤਿਆਂ ਦੀ ਪੂਜਾ'ਤੇ ਕਲਯੁਗ ਵਿੱਚ ਕੇਵਲ ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਦੀ ਪੂਜਾ ਭਾਵ ਅਵਤਾਰਾਂ

ਦੀਆਂ ਮੂਰਤੀਆਂ ਦੀ ਪੂਜਾ ਹੈ। ਪ੍ਰੰਤੂ ਗੁਰੂ ਜੀ ਅੱਗੇ ਕੀ ਫੁਰਮਾਉਂਦੇ ਹਨ:-

*ਪਾਰੁ ਕੈਸੇ ਪਾਇਬੋ ਰੇ ॥ ਮੋ ਸਉਕੋਊ ਨ ਕਹੈ ਸਮਝਾਇ ॥*
*ਜਾ ਤੇ ਆਵਾ ਗਵਨੁ ਬਿਲਾਇ ॥*

ਭਾਈ! ਪਾਰ (ਮੁਕਤ) ਕਿਸ ਤਰ੍ਹਾਂ ਹੋਵੋਗੇ? ਕਿਉਂਕਿ ਇਸ ਵਿਧੀ ਨਾਲ ਤਾਂ ਤੁਸੀਂ ਮੁਕਤ ਹੋ ਹੀ ਨਹੀ ਸਕਦੇ। ਮੈਨੂੰ ਕੋਈ ਸਮਝਾ ਕੇ ਇਹ ਸਪੱਸ਼ਟ ਨਹੀਂ ਕਰ ਰਿਹਾ ਕਿ ਚੌਰਾਸੀ ਲੱਖ ਜੂਨਾਂ ਤੋਂ ਮੇਰਾ ਪਾਰ ਉਤਾਰਾ ਕਿਵੇਂ ਹੋਵੇਗਾ? ਇਸੇ ਸ਼ਬਦ ਵਿੱਚ ਗੁਰੂ ਜੀ ਸਮਝਾਉਂਦੇ ਹਨ ਕਿ-

*ਭਗਤਿ ਜੁਗਤਿ ਮਤਿ ਸਤਿ ਕਰੀ, ਭ੍ਰਮ ਬੰਧਨ ਕਾਟਿ ਬਿਕਾਰ ॥*

ਗੁਰੂ ਦੀ ਜੁਗਤੀ (ਗਿਆਨ) ਨਾਲ ਕੇਵਲ ਇੱਕ ਪ੍ਰਮਾਤਮਾ ਦੀ ਭਗਤੀ ਭਾਵ ਪੂਜਾ, ਸਿਮਰਨ ਕਰਕੇ ਸਾਡੇ ਵਿਕਾਰ ਨਾਸ਼ ਹੋ ਜਾਂਦੇ ਹਨ ਤੇ ਪ੍ਰਭ ਮਿਲ ਪੈਂਦਾ ਹੈ। ਗੁਰੂ ਦੀ ਜੁਗਤੀ ਕੀ ਹੈ? ਕੇਵਲ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਚੱਲਣਾ। ਸੋ ਇਸ ਤਰਾਂ ਗੁਰੂ ਜੀ ਸਮੁੱਚੇ ਬ੍ਰਹਿਮੰਡ ਦੇ ਕਰਤਾ ਕੇਵਲ ਇਕ ਪ੍ਰਮਾਤਮਾ ਦੀ ਪੂਜਾ, ਸਿਮਰਨ ਦਾ ਉਪਦੇਸ਼ ਦਿੰਦੇ ਹਨ।

**ਆਦਿ ਪੁਰਖ ਅੰਦਰ ਹੀ ਹੈ:-** ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ ਕਿ ਪ੍ਰਮਾਤਮਾ ਨੂੰ ਬਾਹਰੋਂ ਭਾਵ ਤੀਰਥਾਂ ਦੀ ਯਾਤਰਾ ਜਾਂ ਇਸ਼ਨਾਨ ਦੁਆਰਾ, ਪਹਾੜਾਂ, ਜੰਗਲਾਂ ਤੋਂ ਭਾਲਣ ਦੀ ਲੋੜ ਨਹੀਂ ਹੈ। ਉਹ ਅੰਦਰ ਹੀ ਬਿਰਾਜਮਾਨ ਹੈ।

*ਅੰਤਰ ਗਤਿ ਰਾਂਚੈ ਨਹੀਂ, ਬਾਹਰਿ ਕਥੈ ਉਜਾਸ॥*

ਪ੍ਰੋ. ਲਾਲ ਸਿੰਘ ਜੀ ਦੀ ਲਿਖੀ ਪੁਸਤਕ ਸਟੀਕ ਬਾਣੀ ਗੁਰੂ ਰਵਿਦਾਸ ਜੀ ਅਤੇ ਤੱਤ-ਸਿਧਾਂਤ ਅਨੁਸਾਰ ਸਤਿਗੁਰ ਜੀ ਨੇ ਗਾਉੜੀ ਬੈਰਾਗਣਿ ਵਿੱਚ ਫੁਰਮਾਇਆ ਹੈ ਕਿ ਪਰਮ ਪਾਰਸ ਗੁਰੂ ਭਾਵ ਬ੍ਰਹਮਗੁਰੂ (ਪ੍ਰਮਾਤਮਾ) ਤਾਂ ਹੀ ਪ੍ਰਾਪਤ ਹੁੰਦਾ ਹੈ ਜੇਕਰ ਮਨੁੱਖ ਆਪਣੇ ਇਸੇ ਜਨਮ ਵਿੱਚ ਹੀ ਗੁਰੂ ਨੂੰ ਪ੍ਰਾਪਤ ਕਰਨ ਲਈ ਕਿਰਿਆਸ਼ੀਲ ਹੈ ਅਤੇ ਇਸ ਮੰਤਵ ਲਈ ਉਪਰਾਲੇ ਕਰ ਰਿਹਾ ਹੈ। ਇਸੇ ਜੀਵਨ ਵਿੱਚ ਕੀਤੇ ਪੂਰਵਲੇ ਕਰਮ ਜੇ ਮੱਥੇ ਤੇ ਲਿਖੇ ਜਾਣ ਭਾਵ ਪ੍ਰਵਾਨ ਹੋ ਜਾਣ ਤਾਂ ਗੁਰੂ ਦੀ ਪ੍ਰਾਪਤੀ ਨਾਲ ਮਨ ਸੰਸਾਰ ਵੱਲੋਂ ਨਿਰਸੰਕਲਪ ਹੋ ਕੇ ਭਾਵ ਮਾਇਆ ਤੋਂ ਮੁਕਤ ਹੋ ਕੇ ਮੁੜ ਅੰਦਰਲੇ ਮਨ ਨਾਲ ਆ ਜੁੜਦਾ ਹੈ ਤਾਂ ਮਨ ਦੇ ਸਾਰੇ ਕਵਾੜ ਖੁੱਲ ਜਾਂਦੇ ਹਨ ਭਾਵ ਪ੍ਰਭ ਪ੍ਰਾਪਤੀ ਹੋ ਜਾਂਦੀ ਹੈ।

*ਪਰਮ ਪਰਸ ਗੁਰੁ ਭੇਟੀਐ ਪੂਰਵ ਲਿਖਤ ਲਿਲਾਟ॥*
*ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥*

ਸੋ ਪ੍ਰਭ ਪ੍ਰਾਪਤੀ ਲਈ ਸਾਨੂੰ ਤੀਰਥਾਂ ਜਾਂ ਜੰਗਲਾਂ ਵਿੱਚ ਭਟਕਣ ਦੀ ਲੋੜ ਨਹੀਂ ਹੈ। ਲੋੜ ਹੈ ਸਾਨੂੰ ਪਾਰਸਾਂ ਦੇ ਪਾਰਸ ਗੁਰੂ ਭਾਵ ਗੁਰੂ ਰਵਿਦਾਸ ਜੀ ਦੇ ਲੜ ਲੱਗਣ ਦੀ।

**ਅੰਸ਼ ਅਤੇ ਅੰਸ਼ੀ ਇੱਕੋ ਹਨ:-** ਗੁਰੂ ਜੀ ਦੇ ਆਗਮਨ ਤੋਂ ਪਹਿਲਾਂ ਮਨੂੰਵਾਦ ਨੇ ਵਰਣ ਵੰਡ ਪਾ ਕੇ ਕਿਹਾ ਕਿ ਸ਼ੂਦਰ, ਅਛੂਤ ਸਭ ਤੋਂ ਘਟੀਆ ਮਨੁੱਖ ਹਨ ਇਸ ਕਰਕੇ ਇਹ ਰੱਬ ਦੀ ਭਗਤੀ ਨਹੀਂ ਕਰ ਸਕਦੇ। ਲੇਕਿਨ ਗੁਰੂ ਰਵਿਦਾਸ ਨੇ ਸਭ ਤੋਂ ਪਹਿਲੋਂ ਇਹੀ ਉਪਦੇਸ਼ ਦਿੱਤਾ ਕਿ ਪ੍ਰਮਾਤਮਾ ਤੇ ਉਸ ਦੇ ਜੀਵ ਵਿੱਚ ਕੋਈ ਅੰਤਰ ਨਹੀਂ ਹੈ।ਅੰਤਰ ਸਿਰਫ ਇਤਨਾ ਹੀ ਹੈ ਕਿ ਜੇਕਰ ਪ੍ਰਮਾਤਮਾ ਸੋਨਾ ਹੈ ਤਾਂ ਜੀਵ ਉਸ ਸੋਨੇ ਤੋਂ ਬਣਿਆ ਕੜਾ ਹੈ, ਜੇਕਰ ਪ੍ਰਮਾਤਮਾ ਜਲ ਹੈ ਤਾਂ ਜੀਵ ਉਸ ਜਲ ਵਿੱਚ ਪੈਦਾ ਹੋਈ ਤਰੰਗ ਹੈ। ਸੋਨੇ ਦੇ ਕੜੇ ਨੂੰ ਢਾਲ਼ ਦੇਣ ਨਾਲ ਉਹ ਫਿਰ ਸੋਨਾ ਹੀ ਬਣ ਜਾਂਦਾ ਹੈ 'ਤੇ ਜਲ ਤੋਂ ਪੈਦਾ ਹੋਈ ਤਰੰਗ ਫਿਰ ਜਲ ਵਿੱਚ ਸਮਾ ਜਾਦੀ ਹੈ।ਇਸ ਤਰ੍ਹਾਂ ਜੀਵ ਆਤਮਾ ਪ੍ਰਭ ਤੋਂ ਪੈਦਾ ਹੁੰਦੀ ਹੈ ਤੇ ਮੁੜ ਪ੍ਰਭ ਵਿੱਚ ਸਮਾ ਜਾਂਦੀ ਹੈ।

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥*

*ਜਿਸਿ ਗੰਗ ਸਮੁੰਦ ਮਿਲਿ ਰਵਿਦਾਸ ਸਮੁੰਦਹਿੰ ਵਿਲਾਹਿੰ॥*

**ਆਦਿ ਪੁਰਖ ਦਾ ਭਾਣਾ ਮੰਨਣਾ:-** ਦੁੱਖ ਅਤੇ ਸੁੱਖ ਸਰੀਰ ਦੇ ਹੀ ਅੰਗ ਹਨ।ਦੁੱਖ ਸਰੀਰ ਨੂੰ ਹੀ ਲੱਗਣਾ ਹੈ।ਇਕ ਜੀਵਤ ਸਰੀਰ ਹੀ ਦੁੱਖ ਦਾ ਅਹਿਸਾਸ ਕਰ ਸਕਦਾ ਹੈ।ਇਸ ਤਰ੍ਹਾਂ ਜੰਮਣਾ ਅਤੇ ਮਰਨਾ ਪ੍ਰਮਾਤਮਾ ਦੇ ਅਟੱਲ ਨਿਯਮ ਹਨ।ਜੋ ਜੀਵ ਪੈਦਾ ਹੋਇਆ ਉਸ ਨੇ ਇਕ ਦਿਨ ਖਤਮ ਹੋ ਜਾਣਾ ਹੈ।ਸੋ ਸਾਨੂੰ ਗਿਆਨੀ ਬਣ ਕੇ ਇਨ੍ਹਾ ਦੁੱਖਾਂ ਦਾ ਟਾਕਰਾ ਕਰਨਾ ਚਾਹੀਦਾ ਹੈ ਤੇ ਪ੍ਰਮਾਤਮਾ ਦੇ ਭਾਣੇ ਨੂੰ ਮੰਨਣਾ ਚਾਹੀਦਾ ਹੈ।ਮੂਰਖ ਬਣ ਕੇ ਰੋਣਾ ਨਹੀਂ ਚਾਹੀਦਾ।ਗੁਰੂ ਰਵਿਦਾਸ ਜੀ ਦਾ ਫੁਰਮਾਨ ਹੈ:-

*ਇਹ ਜਗ ਦੁੱਖ ਕਾ ਖੇਤਰੀ, ਇਹ ਜਾਨਤ ਸੱਬ ਕੋਇ॥*
*ਗਯਾਨੀ ਕਾਟਹਿ ਹਰਿ ਨਾਮ ਸੋ, ਮੂਰਖ ਕਾਟਹਿ ਰੋਇ॥*

**ਕਰਮ-ਕਾਂਡਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ:-** ਅਸੀਂ ਪੜ੍ਹ ਆਏ ਹਾਂ ਕਿ ਗੁਰੂ ਰਵਿਦਾਸ ਜੀ ਨੇ ਅਖੌਤੀ ਭਗਵਾਨਾਂ, ਦੇਵੀ-ਦੇਵਤਿਆਂ, ਚਹੁੰ ਯੁੱਗਾਂ ਦੀ ਪੂਜਾ ਵਿਧੀ ਨੂੰ ਰੱਦ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਜੀ ਦੀ ਵਿਚਾਰਧਾਰਾ ਮੂਰਤੀ ਪੂਜਾ, ਵਹਿਮਾਂ-ਭਰਮਾਂ, ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ, ਜਠੇਰਿਆਂ ਦੀ ਪੂਜਾ, ਸਰਾਧ ਕਰਨੇ, ਪੰਚਕਾਂ ਮੰਨਣੀਆਂ, ਚੰਗੇ-ਮਾੜੇ ਦਿਨਾਂ ਦੀ ਵਿਚਾਰ, ਜੋਤਸ਼ੀਆਂ ਤੋਂ ਪੱਤਰੀਆਂ ਖੁੱਲਵਾਉਣੀਆਂ, ਵਰਤ ਰੱਖਣੇ, ਬਲੀਆਂ ਦੇਣੀਆਂ,

ਸੇਖਾਂ-ਸ਼ਹੀਦਾਂ-ਪੀਰਾਂ, ਮੜੀਆਂ-ਮਸਾਣਾਂ ਦੀ ਪੂਜਾ, ਆਦਿ ਦਾ ਖੰਡਨ ਕੀਤਾ ਹੈ। ਸੋ ਸਾਨੂੰ ਇਸ ਸਭ ਕਾਸੇ ਨੂੰ ਤਿਆਗ ਕੇ ਕੇਵਲ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਨੁਸਾਰ ਆਪਣਾ ਜੀਵਨ ਜਿਊਣਾ ਚਾਹੀਦਾ ਹੈ।

**ਸ਼ਰਾਬ ਤੇ ਹੋਰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ:-** ਜਿੱਥੇ ਨਸ਼ੇ ਮਨੁੱਖ ਦੇ ਸਰੀਰ ਨੂੰ ਖੋਖਲਾ ਕਰਦੇ ਹਨ, ਉਥੇ ਇਹ ਇਸ ਦੇ ਆਚਰਨ, ਸਦਾਚਾਰ ਨੂੰ ਵੀ ਗਿਰਾਵਟ ਵੱਲ ਲਿਜਾਂਦੇ ਹਨ। ਦਸਾਂ-ਨਹੁੰਆਂ ਦੀ ਕਿਰਤ ਨੂੰ ਜੇਕਰ ਅਸੀਂ ਨਸ਼ਿਆਂ ਵਿੱਚ ਰੋੜ੍ਹਦੇ ਹਾਂ ਤਾਂ ਇਹ ਉਸ ਕਿਰਤ ਦਾ ਬਹੁਤ ਵੱਡਾ ਅਪਮਾਨ ਹੈ। ਨਸ਼ੇ ਮਨੁੱਖ ਦੇ ਜੀਵਨ ਨੂੰ ਡਾਂਵਾਂਡੋਲ ਕਰਕੇ ਦੂਸਰਿਆਂ ਅੱਗੇ ਹੱਥ ਅੱਡਣ ਲਈ ਮਜ਼ਬੂਰ ਕਰਦੇ ਹਨ। ਨਸ਼ਈ ਮਨੁੱਖ ਕਈ ਤਰ੍ਹਾਂ ਦੀਆਂ ਨਾ-ਮੁਰਾਦ ਬਿਮਾਰੀਆਂ ਦੀ ਜਕੜ ਵਿੱਚ ਆ ਜਾਂਦਾ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਆਪਣੀ ਮਲਾਰ ਬਾਣੀ ਵਿੱਚ ਮਨੁੱਖ ਨੂੰ ਸ਼ਰਾਬ'ਤੇ ਹੋਰ ਨਸ਼ਿਆ ਦੇ ਸੇਵਨ ਤੋਂ ਵਰਜਿਆ ਹੈ। ਗੁਰੂ ਜੀ ਦਾ ਫੁਰਮਾਨ ਹੈ:-

*ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀਂ ਪਾਨੰ॥*
*ਸੁਰਾ ਅਪਵਿਤ੍ਰ ਨਤ ਅਵਰ ਜਲ ਰੇ, ਸੁਰਸਰੀ ਮਿਲਤ ਨਹਿ ਹੋਇ ਆਨੰ॥*

*ਕਬੀਰ ਭਾਂਗ ਮਾਛੁਲੀ ਸੁਰਾ ਪਾਨ ਜੋ ਜੋ ਪ੍ਰਾਨੀ ਖਾਹਿ॥*
*ਤੀਰਥ ਵਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਹਿ॥*

*ਜਿਤ ਪੀਤੈ ਮਤ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*
*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥*

**ਮੂਰਤੀ ਪੂਜਾ ਅਤੇ ਸਾਡਾ ਇਸ਼ਟ :-** ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਪ੍ਰਭ ਪ੍ਰਾਪਤੀ ਜਾਂ ਆਪਣੇ ਇਸ਼ਟ ਨੂੰ ਖੁਸ਼ ਕਰਨ ਲਈ ਕੀਤੇ ਜਾਂਦੇ ਸਾਰੇ ਕਰਮ-ਕਾਂਡਾਂ ਦਾ ਖੰਡਨ ਕਰਦੀ ਹੈ। ਗੁਰੂ ਜੀ ਨੇ ਮੂਰਤੀਆਂ, ਠਾਕਰਾਂ, ਪੱਥਰਾਂ ਨੂੰ ਆਪਣਾ ਇਸ਼ਟ ਮੰਨਣ ਦੀ ਬਿਲਕੁਲ ਮਨਾਹੀ ਕੀਤੀ ਹੈ। ਸਾਨੂੰ ਆਪਣੇ ਰਹਿਬਰਾਂ ਦੀਆਂ ਮੂਰਤੀਆਂ, ਤਸਵੀਰਾਂ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ ਪ੍ਰੰਤੂ ਉਹਨਾਂ ਦਾ ਸਤਿਕਾਰ ਕਰਦਿਆਂ ਆਪਣੇ ਮੂਲ ਮਕਸਦ ਤੋਂ ਭਟਕਣਾ ਨਹੀਂ ਚਾਹੀਦਾ, ਕਿਉਂ ਕਿ ਸਾਡਾ ਮੁੱਢਲਾ ਮੂਲ ਮਕਸਦ ਹੈ ਕਿ ਗੁਰੂ ਸਾਹਿਬਾਂ ਦੇ ਦਿੱਤੇ ਹੋਏ ਗਿਆਨ ਨੂੰ ਪ੍ਰਾਪਤ ਕਰਕੇ ਉਸ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਅਤੇ ਆਪਣਾ ਅਧਿਆਤਮਿਕ, ਸਮਾਜਿਕ, ਜੀਵਨ ਪੱਧਰ ਉੱਚਾ ਚੁੱਕਣਾ।

ਸਾਨੂੰ ਆਪਣੇ ਰਹਿਬਰਾਂ ਦੀਆਂ ਇਤਿਹਾਸਿਕ ਅਤੇ ਪ੍ਰੇਰਨਾ ਸ੍ਰੋਤ ਤਸਵੀਰਾਂ, ਮੂਰਤੀਆਂ,

ਜਿਆਦਾ ਬਣਾਉਣੀਆਂ ਚਾਹੀਦੀਆਂ ਹਨ ਤਾਂ ਕਿ ਸਾਡਾ ਸਮਾਜ ਆਪਣੇ ਇਤਿਹਾਸ ਤੋਂ ਜਾਣੂੰ ਹੋ ਸਕੇ। ਸੋ ਕਦੇ ਵੀ ਇਨ੍ਹਾ ਮੂਰਤੀਆਂ, ਤਸਵੀਰਾਂ ਨੂੰ ਆਪਣਾ ਇਸ਼ਟ, ਪ੍ਰਮਾਤਮਾ ਜਾਂ ਮੁਕਤੀ ਦਾ ਸਾਧਨ ਮੰਨਦੇ ਹੋਏ ਇਨ੍ਹਾ ਦੀ ਪੂਜਾ ਨਹੀਂ ਕਰਨੀ ਚਾਹੀਦੀ ਕਿਉਂਕਿ ਜੇਕਰ ਅਸੀਂ ਇਸ ਤਰਾਂ ਕਰਾਂਗੇ ਤਾਂ ਇਹ ਮੂਰਤੀ ਪੂਜਾ ਹੋਵੇਗੀ ਜੋ ਕਿ ਗੁਰੂ ਜੀ ਦੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੈ।

ਗੁਰੂ ਜੀ ਨੇ ਆਪਣੀ ਬਾਣੀ ਵਿੱਚ ਮੂਰਤੀ ਪੂਜਾ ਅਤੇ ਆਪਣੇ ਇਸ਼ਟ ਦੀ ਪੂਜਾ ਲਈ ਵਰਤੇ ਜਾਂਦੇ ਸਭ ਸੰਸਾਰਕ ਪਦਾਰਥਾਂ ਨੂੰ ਜੂਠੇ ਸਾਬਿਤ ਕੀਤਾ ਹੈ। ਆਪ ਜੀ ਦਾ ਗੂਜਰੀ ਰਾਗ ਵਿੱਚ ਫੁਰਮਾਨ ਹੈ:-

*ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨ ਬਿਗਾਰਿਓ॥੧॥*
*ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥ਅਵਰੁ ਨ ਫੂਲ ਅਨੂਪ ਨ ਪਾਵਉ॥੧॥*
*ਰਹਾਉ॥*
*ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥*
*ਧੂਪ ਦੀਪ ਨਈਬੇਦਹਿ ਬਾਸਾ ॥ ਕੈਸੇ ਪੂਜ ਕਰਹਿ ਤੇਰੀ ਦਾਸਾ॥੩॥*
*ਤਨੁ ਮਨੁ ਅਰਪਉ ਪੂਜ ਚਰਾਵਉ॥ ਗੁਰ ਪਰਸਾਦਿ ਨਿਰੰਜਨ ਪਾਵਉ॥੪॥*
*ਪੂਜਾ ਅਰਚਾ ਆਹਿ ਨਾ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥੫॥੧॥*

ਗੁਰੂ ਜੀ ਫੁਰਮਾਉਂਦੇ ਹਨ ਕਿ ਲੋਕ ਦੁੱਧ, ਫੁੱਲ 'ਤੇ ਪਾਣੀ ਨਾਲ ਪ੍ਰਭ ਦੀ ਪੂਜਾ ਕਰਦੇ ਹਨ ਪ੍ਰੰਤੂ ਇਹ ਸਭ ਪਦਾਰਥ ਜੂਠੇ ਹਨ। ਦੁੱਧ ਵੱਛੇ ਨੇ, ਫੁੱਲ ਭੌਰੇ ਨੇ ਅਤੇ ਪਾਣੀ ਮੱਛੀ ਨੇ ਜੂਠਾ ਕੀਤਾ ਹੋਇਆ ਹੈ। ਹੇ ਮਾਈ! ਮੈਂ ਪ੍ਰਭ ਦੀ ਪੂਜਾ ਲਈ ਸੁੱਚੀ ਸਮੱਗਰੀ ਕਿੱਥੋਂ ਲੈ ਕੇ ਆਂਵਾਂ? ਹੋਰ ਸੁੱਚੇ ਫੁੱਲ ਆਦਿ ਤਾਂ ਕਿਤੋਂ ਮਿਲ ਹੀ ਨਹੀਂ ਸਕਦੇ? ਚੰਦਨ ਨਾਲ ਵਿਸ਼ੈਲੇ ਸੱਪ ਲਿਪਟੇ ਹਨ, ਇਸ ਕਰਕੇ ਉਹ ਜੂਠਾ ਹੈ। ਧੂਪ, ਚਿਰਾਗ ਅਤੇ ਨਈ ਬੇਦਹਿ (ਪ੍ਰਸਾਦਿ) ਆਦਿ ਵੀ ਜੂਠੇ ਹਨ, ਕਿਉਂ ਕਿ ਜਦ ਮਨੁੱਖ ਇਹਨਾਂ ਪਦਾਰਥਾਂ ਨੂੰ ਤਿਆਰ ਕਰਦਾ ਹੈ ਤਾਂ ਉਸ ਵੇਲੇ ਉਹ ਇਨ੍ਹਾਂ ਦੀ ਸੁਗੰਧੀ ਲੈ ਕੇ ਇਨ੍ਹਾ ਨੂੰ ਜੂਠੇ ਕਰ ਦਿੰਦਾ ਹੈ। ਹੇ ਪ੍ਰਭ! ਹੁਣ ਤੇਰਾ ਦਾਸ ਤੇਰੀ ਪੂਜਾ ਕਿਸ ਤਰ੍ਹਾਂ ਕਰੇਗਾ? ਗੁਰੂ ਰਵਿਦਾਸ ਜੀ ਸੰਸਾਰ ਦੀ ਪੂਜਾ ਸਮੱਗਰੀ ਨੂੰ ਰੱਦ ਕਰਨ ਤੋਂ ਬਾਅਦ ਮਨੁੱਖਤਾ ਨੂੰ ਉਪਦੇਸ਼ ਦਿੰਦੇ ਹੋਏ ਹੁਣ ਆਪਣੀ, ਸਹੀ ਤੇ ਸਰਵ-ਉਚ ਸਮੱਗਰੀ ਪ੍ਰਭ ਨੂੰ ਭੇਂਟ ਕਰਦੇ ਹਨ ਅਤੇ ਫੁਰਮਾਉਂਦੇ ਹਨ ਕਿ ਹੇ ਪ੍ਰਭ! ਮੈਂ ਤੈਨੂੰ ਆਪਣਾ ਤਨ ਤੇ ਮਨ ਪੂਜਾ ਲਈ ਅਰਪਣ ਕਰਦਾ ਹਾਂ। (ਭਾਵ ਐ ਮਨੁੱਖ ਸੰਸਾਰ ਦੇ ਇਹਨਾਂ ਪਦਾਰਥਾਂ ਨੂੰ ਛੱਡ ਕੇ ਆਪਣਾ ਤਨ ਤੇ ਮਨ ਪ੍ਰਭ ਨੂੰ ਅਰਪਣ ਕਰ ਦੇ) ਜਦੋਂ ਪ੍ਰਭ ਦੀ ਕ੍ਰਿਪਾ ਨਾਲ ਇਹ ਚੜਾਵਾ ਪ੍ਰਭ ਨੂੰ ਪ੍ਰਵਾਨ ਹੋ ਗਿਆ ਉਦੋਂ ਮੈਂ ਉਸਨੂੰ ਪ੍ਰਾਪਤ ਕਰ ਸਕਾਂਗਾ। ਹੇ ਪ੍ਰਭ! ਜੇ ਇਹੋ ਵਸਤਾਂ ਤੇਰੀ ਪੂਜਾ ਲਈ ਜ਼ਰੂਰੀ ਹੁੰਦੀਆਂ ਤਾਂ ਇਨ੍ਹਾਂ ਸੁੱਚੀਆਂ ਵਸਤਾਂ ਦੀ ਉਪਲੱਬਧੀ ਨਾ ਹੋਣ ਕਾਰਨ ਮੈਥੋਂ ਤੇਰੀ ਪੂਜਾ ਨਹੀਂ ਸੀ ਹੋ ਸਕਣੀ। ਅਜਿਹੀ ਸਥਿਤੀ ਵਿੱਚ ਮੇਰਾ ਕੀ ਹਾਲ ਹੁੰਦਾ?

ਗੁਰੂ ਰਵਿਦਾਸ ਅਤੇ ਹੋਰ ਗੁਰੂ ਸਾਹਿਬਾਂ ਨੇ ਆਰਤੀਆਂ ਦੀ ਰਚਨਾ ਕੀਤੀ ਹੋਈ ਹੈ। ਇਨ੍ਹਾ ਆਰਤੀਆਂ ਦੀ ਰਚਨਾ ਕਰਨ ਦਾ ਮੰਤਵ ਮੂਰਤੀ ਪੂਜਾ, ਆਰਤੀ ਉਤਾਰਨ ਦਾ ਖੰਡਨ ਅਤੇ ਪੂਜਾ ਲਈ ਵਰਤੇ ਜਾਂਦੇ ਇਨ੍ਹਾਂ ਪਦਾਰਥਾਂ ਨੂੰ ਫਜ਼ੂਲ ਦੇ ਕਰਮ-ਕਾਂਡ ਸਾਬਿਤ ਕਰਨਾ ਹੈ। ਉਦਾਹਰਨ ਦੇ ਤੌਰ ਤੇ ਗੁਰੂ ਰਵਿਦਾਸ ਜੀ ਦੀ ਆਰਤੀ ਲਈਏ:-

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ॥੧॥ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲ ਲੇ ਮਾਹਿ ਪਾਸਾਰੇ॥
ਨਾਮੁ ਤੇਰੇ ਕੀ ਜੋਤ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ।੩॥
ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥
ਕਹੈ ਰਵਿਦਾਸ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥

ਗੁਰੂ ਜੀ ਪਾਰਬ੍ਰਹਮ ਪ੍ਰਮਾਤਮਾ ਨੂੰ ਸੰਬੋਧਨ ਕਰਦੇ ਤੇ ਮਨੁੱਖਤਾ ਸਮਝਾਉਂਦੇ ਫੁਰਮਾਉਂਦੇ ਹਨ ਕਿ ਹੇ ਪ੍ਰਭ! ਮੈਂ ਥਾਲ ਵਿਚ ਦੀਵੇ ਫੁਲ ਆਦਿ ਲੈ ਕੇ ਤੇਰੀ ਆਰਤੀ, ਪੂਜਾ ਨਹੀਂ ਕਰਦਾ। ਮੇਰੇ ਵਾਸਤੇ ਤੇਰਾ ਨਾਮ ਸਿਮਰਨ ਹੀ ਤੇਰੀ ਆਰਤੀ 'ਤੇ ਪੂਜਾ ਹੈ। ਇਸ ਤੋਂ ਬਿਨਾਂ ਬਾਕੀ ਸਭ ਪਦਾਰਥ ਜਿਵੇਂ ਆਸਣ, ਕੇਸਰ, ਪਾਣੀ, ਚੰਦਨ, ਦੀਵਾ, ਬੱਤੀ, ਤੇਲ, ਧਾਗਾ, ਫੁੱਲ-ਮਾਲਾ ਆਦਿ ਸਭ ਝੂਠ ਦਾ ਪਾਸਾਰਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:-

*ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥*

ਗੁਰਬਾਣੀ ਦਾ ਹੋਰ ਫੁਰਮਾਨ ਹੈ:-

*ਜੋ ਪਾਥਰ ਕਉ ਕਹਤੇ ਦੇਵ॥ ਤਾਂ ਕੀ ਬਿਰਥਾ ਹੋਵੈ ਸੇਵ॥*
*ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਏਂ॥*

**ਗੁਰੂ ਰਵਿਦਾਸ ਜੀ ਦੇ ਰਾਮ:-** ਗੁਰੂ ਰਵਿਦਾਸ ਜੀ ਨੇ ਆਪਣੀ ਗੁਰੂ ਗ੍ਰੰਥ ਸਹਿਬ ਵਿਚਲੀ ਬਾਣੀ ਵਿਚ ਰਾਮ ਅਤੇ ਰਾਜਾ ਰਾਮ ਸ਼ਬਦ 21 ਵਾਰ ਅਤੇ ਰਾਜਾ ਰਾਮ ਚੰਦ ਸ਼ਬਦ ਇਕ ਵਾਰ ਵਰਤਿਆ ਹੈ। ਜਿਵੇਂ :-

*ਰਵਿਦਾਸੁ ਜਪੈ ਰਾਮ ਨਾਮਾ॥ ਮੋਹਿ ਜਮ ਸਿਉ ਨਾਹੀ ਕਾਮਾ॥.....*
*ਕਹਿ ਰਵਿਦਾਸੁ ਇਕ ਬੇਨਤੀ ਹਰਿ ਸਿਉ,ਪੈਜ ਰਾਖਹੁ ਰਾਜਾ ਰਾਮ ਮੇਰੀ॥*
*ਤੁਮ ਸਰਨਾਗਤਿ ਰਾਜਾ ਚੰਦ, ਕਹਿ ਰਵਿਦਾਸ ਚਮਾਰਾ॥.......*

ਕਈ ਪਾਠਕ ਜਨ ਜਦ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ਪੜ੍ਹਦੇ ਹਨ ਤਾਂ ਉਹ ਸਮਝਦੇ ਹਨ ਕਿ ਇਨ੍ਹਾਂ ਵਿਚ ਗੁਰੂ ਜੀ ਨੇ ਦਸ਼ਰਥ ਪੁੱਤਰ ਸ਼੍ਰੀ ਰਾਮ ਚੰਦਰ ਜੀ ਦੀ ਗੱਲ ਕੀਤੀ ਹੈ ਜਾਂ ਉਹਨਾ ਦੀ ਮਹਿਮਾਂ ਦਾ ਗੁਣ-ਗਾਣ ਕੀਤਾ ਹੈ। ਪਰ ਜਦੋਂ ਉਹ ਇਤਿਹਾਸ ਵਿਚ ਪੜ੍ਹਦੇ ਹਨ ਕਿ ਸ਼੍ਰੀ ਰਾਮ ਚੰਦਰ ਜੀ ਨੇ ਮਹਾਂਰਿਸ਼ੀ ਸੰਭੂਕ ਦਾ ਇਸ ਕਰਕੇ ਕਤਲ ਕਰ ਦਿੱਤਾ ਸੀ ਕਿਉਂ ਕੇ ਉਹ ਸ਼ੂਦਰ ਹੋ ਕੇ ਰੱਬ ਦੀ ਭਗਤੀ ਕਰਦਾ ਸੀ । ਸ਼੍ਰੀ ਰਾਮ ਚੰਦਰ ਜੀ ਨੇ ਦਲਿਤ ਯੋਧੇ ਬਾਲੀ ਅਤੇ ਸੁਗਰੀਵ ਦੋ ਸਕੇ ਭਰਾਵਾਂ ਨੂੰ ਆਪਸ ਵਿਚ ਲੜਾ ਕੇ ਆਪ ਦਰੱਖਤਾਂ ਓਹਲੇ ਲੁਕ ਕੇ ਮਹਾਂ ਯੋਧਾ ਬਾਲੀ ਜੀ ਨੂੰ ਤੀਰ ਮਾਰ ਕੇ ਖਤਮ ਕਰ ਦਿੱਤਾ ਸੀ ਅਤੇ ਅਪਣੀ ਪਤਨੀ ਮਾਤਾ ਸੀਤਾ ਨੂੰ ਪਵਿੱਤਰ ਹੋਣ ਦੇ ਬਾਵਜੂਦ ਵੀ ਬਨਵਾਸ ਦੇ ਕੇ ਜੰਗਲਾਂ ਦੇ ਖੂੰ-ਖਾਰ ਜਾਨਵਰਾਂ ਦੇ ਰਹਿਮ ਤੇ ਛੱਡ ਦਿੱਤਾ ਸੀ ਤਾਂ ਉਹਨਾ ਦੇ ਮਨਾ ਵਿੱਚ ਕਈ ਸ਼ੰਕੇ ਉਪਜਣ ਲੱਗਦੇ ਹਨ। ਆਉ ਇਨ੍ਹਾ ਦੀ ਨਵਿਰਤੀ ਕਰੀਏ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਇਹ ਸ਼ਬਦ ਦਸ਼ਰਥ ਪੁੱਤਰ ਸ਼੍ਰੀ ਰਾਮ ਚੰਦਰ ਲਈ ਨਹੀਂ ਵਰਤੇ ਇਨ੍ਹਾ ਸ਼ਬਦਾਂ ਨਾਲ ਪਾਰਬ੍ਰਹਮ ਪ੍ਰਮਾਤਮਾ ਨੂੰ ਸੰਬੋਧਨ ਕੀਤਾ ਹੈ। ਗੁਰੂ ਜੀ ਇਸ ਦਾ ਸਪੱਸ਼ਟ ਨਿਰਣਾ ਦਿੰਦੇ ਹੋਏ ਗੁਰੂ ਜੀ ਲਿਖਦੇ ਹਨ:-

*ਰਵਿਦਾਸ ਹਮਾਰੇ ਰਾਮ ਜੀ, ਦਸ਼ਰਥ ਕਾ ਸੁਤ ਨਾਹਿੰ॥*
*ਰਾਮ ਹਮੀਂ ਮਹਿ ਰਮ ਰਹਿਯੋ, ਵਿਸ਼ਵ ਕਟੁੰਬ ਮਾਹਿ॥*

ਸੋ ਸ਼ਪੱਸਟ ਹੈ ਕਿ ਗੁਰੂ ਰਵਿਦਾਸ ਜੀ ਦੇ ਰਾਮ ਅਵਤਾਰੀ ਸ਼੍ਰੀ ਰਾਮ ਚੰਦਰ ਜੀ ਨਹੀਂ ਹਨ। ਗੁਰੂ ਜੀ ਨੇ ਇਹਨਾ ਸ਼ਬਦਾਂ ਦੁਆਰਾ ਕੇਵਲ ਪਾਰਬ੍ਰਹਮ ਪਰਮਾਤਮਾ ਨੂੰ ਹੀ ਸੰਬੋਧਨ ਕੀਤਾ ਹੈ। ਇਸੇ ਰਾਮ ਨੂੰ ਗੁਰੂ ਜੀ ਆਪਣੀ ਬਾਣੀ ਵਿਚ ਮਾਧਓ, ਨਰਾਇਣ, ਜਗਨਨਾਥ, ਹਰਿ, ਨਾਇਕ, ਸੁਅਮੀ, ਪ੍ਰਾਨਨਾਥ, ਆਦਿ ਸ਼ਬਦਾਂ ਨਾਲ ਸੰਬੋਧਨ ਕਰਦੇ ਹਨ।

ਦੂਸਰੇ ਗੁਰੂ ਸਾਹਿਬਾਂ ਨੇ ਵੀ ਆਪਣੀ ਬਾਣੀ ਵਿਚ ਬਹੁਤ ਵਾਰ ਰਾਮ ਸ਼ਬਦ ਵਰਤਿਆ ਹੈ।

*ਰਾਮ ਰਾਮ ਕਰਤਾ ਸਭ ਜਗ ਫਿਰੈ, ਰਾਮ ਨਾ ਪਾਇਆ ਜਾਇ॥*
*ਰਾਮ ਨਾਮ ਗੁਣ ਗਾਇ ਲੇ ਮੀਤਾ, ਹਰਿ ਸਿਮਰਤ ਤੇਰੀ ਲਾਜ ਰਹੈ॥*

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼੍ਰੀ ਰਾਮ ਚੰਦਰ ਲਈ ਵਰਤੇ ਲਫਜ ਰਾਮ ਬਾਰੇ ਤਾਂ ਸਪੱਸ਼ਟ ਪਤਾ ਲੱਗ ਜਾਂਦਾ ਹੈ।

ਏਕ ਰਾਮ ਦਸ਼ਰਥ ਘਰ ਡੋਲੇ॥ ਏਕ ਰਾਮ ਘਟ ਘਟ ਮਹਿ ਬੋਲੇ॥
ਰੋਵੈ ਰਾਮ ਨਿਕਾਲਾ ਭਇਆ॥ ਸੀਤਾ ਲਖਮਣ ਵਿਛੜੁ ਗਇਆ॥
ਰਾਮ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ॥

ਸੋ ਗੁਰਬਾਣੀ ਦੇ ਇਹ ਫੁਰਮਾਨ ਸਪੱਸ਼ਟ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਦੁਆਰਾ ਆਪਣੀ ਬਾਣੀ ਵਿੱਚ ਵਰਤੇ ਲਫਜ਼ ਰਾਮ ਪਾਰਬ੍ਰਹਮ ਦੇ ਹੀ ਲਖਾਇਕ ਹਨ। ਨਾਲ ਹੀ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਨਿਰਗੁਣਵਾਦੀ ਸਨ। ਉਹਨਾਂ ਨੇ ਕੇਵਲ ਪਾਰਬ੍ਰਹਮ ਪ੍ਰਮਾਤਮਾ ਦੀ ਭਗਤੀ ਕੀਤੀ ਹੈ ਕਿਸੇ ਦੇਹਧਾਰੀ ਗੁਰੂ, ਅਵਤਾਰ, ਭਗਵਾਨ ਜਾਂ ਮੂਰਤੀਆਂ ਦੀ ਨਹੀਂ।

## ਮਾਨੁਖਾ ਅਵਤਾਰ ਦੁਲਭ ॥

ਇਸ ਧਰਤੀ ਤੇ ਚੌਰਾਸੀ ਲੱਖ ਜੂਨਾਂ ਦਾ ਹੋਣਾ ਮੰਨਿਆ ਜਾਂਦਾ ਹੈ ਅਤੇ ਸਭ ਤੋਂ ਉੱਤਮ ਜੂਨ ਮਨੁੱਖ ਦੀ ਜੂਨ ਹੈ। ਕਾਰਨ ਇਹ ਕਿ ਦੂਸਰੀਆਂ ਜੂਨਾ ਜਿਵੇਂ ਪਸੂ, ਪੰਛੀ, ਕੀੜੇ-ਮਕੌੜੇ ਅਤੇ ਹੋਰ ਜੀਵਾਂ ਵਿਚ ਕਿਸੇ ਨਾ ਕਿਸੇ ਤੱਤ ਦੀ ਘਾਟ ਹੁੰਦੀ ਹੈ ਪ੍ਰੰਤੂ ਮਨੁੱਖ ਵਿਚ ਪੂਰੇ ਪੰਜ ਤੱਤ ਮੌਜੂਦ ਹਨ। ਮਨੁੱਖ ਬੋਲ ਸਕਦਾ ਹੈ, ਚੱਲ ਸਕਦਾ ਹੈ ਤੇ ਸਭ ਤੋਂ ਵਡੀ ਗੱਲ ਕਿ ਪ੍ਰਭ ਨੇ ਇਸ ਨੂੰ ਸੋਚਣ ਲਈ ਉੱਤਮ ਦਿਮਾਗ ਦਿੱਤਾ ਹੋਇਆ ਹੈ। ਜਿਸ ਤੋਂ ਚੰਗੇ-ਬੁਰੇ ਦੀ ਪਹਿਚਾਣ ਕਰ ਸਕਦਾ ਹੈ। ਜਦ ਕਿ ਦੂਸਰੀਆਂ ਜੂਨਾਂ ਦੇ ਸਰੀਰ ਵਿੱਚ ਦਿਮਾਗ ਦੀ ਹੋਂਦ ਤਾਂ ਹੈ ਪਰ ਇੰਨੀ ਵਿਕਸਿਤ ਨਹੀਂ ਜਿੰਨੀ ਮਨੁੱਖ ਦੇ ਸਰੀਰ ਵਿੱਚ ਵਿਕਸਿਤ ਹੋਈ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਨੇ ਮਨੁੱਖਾ ਜਨਮ ਦੁਰਲੱਭ ਮੰਨਿਆ ਹੈ ਕਿਉਂਕਿ ਇਸੇ ਜਨਮ ਵਿੱਚ ਹੀ ਮਨੁੱਖ ਪਰਮ ਪਿਤਾ ਪ੍ਰਮਾਤਮਾ ਨੂੰ ਮਿਲ ਸਕਦਾ ਹੈ। ਇਸੇ ਕਰਕੇ ਗੁਰੂ ਸਹਿਬ ਦਾ ਹੁਕਮ ਹੈ ਕਿ ਸਾਨੂੰ ਸਦਾ ਚੰਗੇ ਵਿਚਾਰਾਂ ਨੂੰ ਅਪਣਾਉਣਾ ਚਾਹੀਦਾ ਹੈ। ਗੁਰੂ ਰਵਿਦਾਸ ਜੀ ਫੁਰਮਾਉਂਦੇ ਹਨ:

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥

ਤ੍ਰਿਗਦ ਜੂਨਾਂ (ਮਨੁੱਖ ਨੂੰ ਛੱਡ ਕੇ ਬਾਕੀ ਜੀਵ) ਅਚੇਤ (ਥੋੜੀ ਅਕਲ) ਹੋਣ ਕਾਰਨ ਸਮਝ ਬੂਝ ਤੋਂ ਕੋਰੀਆਂ ਹਨ। ਸੰਭਾਵਤ ਵਿਚਾਰਹੀਣ ਹੋਣ ਕਰਕੇ ਇਨ੍ਹਾਂ ਨੂੰ ਪੁੰਨ-ਪਾਪ ਭਾਵ ਕੀ ਚੰਗਾ ਅਤੇ ਕੀ ਮੰਦਾ ਹੈ, ਦਾ ਗਿਆਨ ਨਹੀਂ ਹੈ ਪਰ ਐਹ ਮਨੁੱਖ ਤੇਰਾ ਜਨਮ ਤਾਂ ਬੜਾ ਦੁਰਲੱਭ ਹੈ ਪਰੰਤੂ ਤੂੰ ਆਪਣੀ ਸੰਗਤ ਘਟੀਆ, ਮਕਾਰ ਅਤੇ ਨੀਚ ਵਿਕਾਰਾਂ ਨਾਲ ਕਰ ਲਈ ਹੈ। ਤੂੰ ਇਸ ਦੁਰਲੱਭ ਬੁਧੀ ਨਾਲ ਕੁਝ ਵੀ ਸੋਚਿਆ-ਸਮਝਿਆ ਨਹੀਂ ਹੈ।

ਪਰੰਤੂ ਅਸੀਂ ਗੁਰੂ ਰਵਿਦਾਸ ਜੀ ਦੇ ਹੁਕਮ ਤੋਂ ਅਵੇਸਲੇ ਹੋਏ ਪਏ ਹਾਂ ਤੇਸਾਡੀ ਸੋਚ ਹਮੇਸ਼ਾਂ ਨੀਚ-ਵਿਚਾਰਾਂ ਨਾਲ ਜੁੜੀ ਹੋਈ ਹੈ। ਇਹ ਨੀਚ ਵਿਚਾਰ ਕਿਹੜੇ ਹਨ? ਇਹ ਨੀਚ ਵਿਚਾਰ ਹਨ-ਪਹਿਲੇ ਵਿਕਾਰਾਂ ਵਿਚ ਗ੍ਰਸੇ ਹੋਏ ਵਿਚਾਰ, ਦੂਸਰੇ ਅੰਧ-ਵਿਸ਼ਵਾਸਾਂ

ਵਿਚ ਫਸੇ ਵਿਚਾਰ। ਅਸੀ ਸਾਰੀਆਂ ਜੂਨੀਆਂ ਦੇ ਸਰਦਾਰ ਹਾਂ ਪਰੰਤੂ ਅਫਸੋਸ ਹੈ ਕਿ ਆਪਣੀ ਸਰਦਾਰੀ ਨੂੰ ਮਿੱਟੀ-ਘੱਟੇ ਵਿਚ ਰੋਲ ਰਹੇ ਹਾਂ ਤੇ ਅਪਣੇ ਤੋਂ ਹੇਠਲੀਆਂ ਤੇ ਛੋਟੀਆਂ ਜੂਨਾਂ ਦੀ ਪੂਜਾ ਕਰ ਰਹੇ ਹਾਂ।

-ਅਸੀਂ ਅੰਮ੍ਰਿਤ ਵੇਲੇ ਉੱਠ ਕੇ ਪਿੱਪਲ ਨੂੰ ਪਾਣੀ ਦੇ ਰਹੇ ਹਾਂ ਤੇ ਉਸ ਨੂੰ ਮੱਥਾ ਟੇਕ ਰਹੇ ਹਾਂ।

-ਕੋਈ ਕਿਸੇ ਟਾਹਲੀ, ਫਲਾਹ ਜਾਂ ਹੋਰ ਦਰੱਖਤ ਨੂੰ ਪੀਰ ਮੰਨ ਕੇ ਉਸ ਦੀ ਪੂਜਾ ਵਿੱਚ ਲੱਗਾ ਹੋਇਆ ਹੈ।

-ਕੋਈ ਆਪਣੇ ਤੋਂ ਅਤਿ ਹੇਠਲੀ ਜੂਨ ਪੱਥਰਾਂ ਨੂੰ ਪੂਜੀ ਜਾ ਰਿਹਾ ਹੈ।

-ਕੋਈ ਜਾਨਵਰਾਂ ਦੀ ਪੂਜਾ ਵਿੱਚ ਲੱਗਾ ਹੋਇਆ ਹੈ।

-ਕੋਈ ਸੱਪਾਂ ਦੀ ਪੂਜਾ ਵਿੱਚ ਲੱਗਾ ਹੋਇਆ ਹੈ।

ਇਸ ਤਰ੍ਹਾਂ ਅਸੀ ਆਪਣੇ ਤੋਂ ਹੇਠਲੇ ਪੱਧਰ ਦੇ ਜੀਵਾਂ ਦੀ ਪੂਜਾ ਕਰ ਰਹੇ ਹਾਂ, ਜਿਵੇਂ:

*ਠਾਕੁਰੁ ਛੋਡਿ ਦਾਸੀ ਕਉ ਸਿਮਰਹਿ, ਮਨਮੁਖ ਅੰਧ ਅਗਿਆਨਾ॥*

ਸਤਿਗੁਰਾਂ ਨੇ ਤਾਂ ਕਿਹਾ ਹੈ ਕਿ ਭਾਈ ਹੇਠਲੀਆਂ ਜੂਨਾਂ ਤੇਰੇ ਅਧੀਨ ਹਨ। ਤੇਰਾ ਪਾਣੀ ਭਰਦੀਆਂ ਹਨ। ਇਸੇ ਕਰਕੇ ਤੈਨੂੰ ਇਨ੍ਹਾਂ ਦੀ ਪੂਜਾ ਨਹੀਂ ਕਰਨੀ ਚਾਹੀਦੀ ਤੂੰ ਤਾਂ ਇਨ੍ਹਾਂ ਦਾ ਸਰਦਾਰ ਹੈ:

*ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥*

ਸੋ ਇਸ ਕਰਕੇ ਸਾਨੂੰ ਜਾਨਵਰਾਂ, ਦਰੱਖਤਾਂ,ਮੜੀਆਂ-ਮਸਾਣਾਂ ਆਦਿ ਦੀ ਪੂਜਾ ਨੂੰ ਤਿਆਗ ਦੇਣਾ ਚਾਹੀਦਾ ਹੈ ਕਿਉਂਕਿ ਆਉਣ ਵਾਲੀ ਨਵੀਂ ਪੀੜੀ ਸਾਡੇ ਵੱਲ ਦੇਖ ਕੇ ਇਹੋ ਜਿਹੀ ਅੰਧ-ਵਿਸ਼ਵਾਸ਼ੀ ਪੂਜਾ ਵੱਲ ਰੁਚਤਿ ਹੋ ਰਹੀ ਹੈ। ਇਸ ਤਰਾਂ ਅਸੀ ਆਪਣਾ ਜੀਵਨ ਤਾਂ ਗੁਆ ਹੀ ਰਹੇ ਹਾਂ ਪਰ ਨਾਲ ਹੀ ਅਚੇਤ ਤੌਰ ਤੇ ਅਪਣੇ ਬੱਚਿਆਂ ਨੂੰ ਇਸ ਵੱਲ ਪ੍ਰੇਰਿਤ ਕਰ ਰਹੇ ਹਾਂ ਸੋ ਆਓ ਗੁਰੂ ਸਾਹਿਬਾਂ ਦੇ ਦਰਸਾਏ ਮਾਰਗ ਅਨੁਸਾਰ ਚੱਲੀਏ ਤੇ ਆਪਣਾ ਜੀਵਨ ਸਫਲਾ ਕਰੀਏ।

## ਗੁਰੂ ਰਵਿਦਾਸ ਨਾਮ-ਲੇਵਾ ਸਮਾਜ ਦਾ ਰੰਗ

*ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰ॥*
*ਮੇਰੇ ਰਮਈਏ ਰੰਗੁ ਮਜੀਠ ਕਾ, ਕਹੁ ਰਵਿਦਾਸ ਚਮਾਰ॥*

ਘੁਰੂ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਸੰਸਾਰ ਕੁਸੰਭੜੇ ਦੇ ਰੰਗ ਵਾਂਗ ਕੱਚਾ ਹੈ, ਅਸਥਿਰ ਹੈ ਪਰ ਮੇਰੇ ਪ੍ਰਭ ਦਾ ਰੰਗ ਮਜੀਠ ਵਰਗਾ ਪੱਕਾ ਹੈ, ਸਦੀਵੀ ਸਥਿਰ ਰਹਿਣ ਵਾਲਾ ਹੈ। ਸੋ ਗੁਰੂ ਜੀ ਨੇ ਮਜੀਠ ਰੰਗ ਦੀ ਉਪਮਾ ਪ੍ਰਭ ਦੇ ਰੰਗ ਨਾਲ ਕੀਤੀ ਹੈ ਇਸ ਕਰਕੇ ਗੁਰੂ ਰਵਿਦਾਸ ਨਾਮ-ਲੇਵਾ ਸਮਾਜ ਨੇ ਆਪਣਾ ਰੰਗ ਮਜੀਠ ਦਾ ਰੰਗ ਮੰਨਿਆ ਹੈ।

ਸੋ ਸਾਨੂੰ ਅਪਣੇ ਧਾਰਮਿਕ ਅਸਥਾਨਾਂ ਤੇ ਮਜੀਠ ਰੰਗ ਦੇ ਨਿਸ਼ਾਨ ਸਾਹਿਬ ਝੁਲਾਉਣੇ ਚਾਹੀਦੇ ਹਨ। ਸਿਰੋਪਾਓ ਮਜੀਠ ਰੰਗ ਦੇ ਦੇਣੇ ਚਾਹੀਦੇ ਹਨ। ਕੌਮ ਦੇ ਸਮਾਜਿਕ ਤੇ ਧਾਰਮਿਕ ਸਮਾਗਮਾਂ ਤੇ ਮਜੀਠ ਦੀਆਂ ਪੱਗਾਂ'ਤੇ ਪਟਕੇ ਬੰਨਣੇ ਚਾਹੀਦੇ ਹਨ। ਵਿਆਹ ਸਮੇਂ ਦੂਹਲਾ ਮਜੀਠ ਪਗੜੀ ਬੰਨੇ ਤੇ ਦੁਲਹਨ ਮਜੀਠ ਰੰਗ ਦਾ ਦੁਪੱਟਾ ਪਹਿਨੇ। ਸਾਰੇ ਸ਼ੁਭ ਕਾਰਜਾਂ ਤੇ ਮਜੀਠ ਦੇ ਰੰਗ ਦੀ ਵਰਤੋਂ ਕੀਤੀ ਜਾਵੇ। ਵਿਆਹ ਜਾਂ ਸ਼ਗਨ ਦੇ ਕਾਰਜਾਂ ਸਮੇਂ ਮਜੀਠ ਰੰਗ ਦੇ ਗਾਨੇ (ਗੁੱਟ ਤੇ ਧਾਗਾ) ਬੰਨੇ ਜਾਣ। ਮਜੀਠ ਰੰਗ ਕਿਹੋ ਜਿਹਾ ਹੁੰਦਾ ਹੈ ਇਹ ਜਾਨਣ ਲਈ ਤੁਸੀਂ ਪੰਸਾਰੀ ਦੀ ਦੁਕਾਨ ਤੋਂ ਮਜੀਠ ਦੀਆਂ ਲੱਕੜਾਂ ਲੈ ਕੇ ਉਸ ਨੂੰ ਪਾਣੀ ਵਿਚ ਭਿਉਂ ਕੇ ਰੱਖੋ ਕੁਝ ਸਮੇ ਬਾਅਦ ਉਹਨਾਂ ਲੱਕੜਾਂ ਤੇ ਪਾਣੀ ਦਾ ਰੰਗ ਦਾ ਰੰਗ ਬਦਲ ਜਾਵੇਗਾ ਜੋ ਕਿ ਮਜੀਠ ਦਾ ਰੰਗ ਹੋਏਗਾ। ਊਂਝ ਇਹ ਰੰਗ ਲਾਲ-ਕਾਲਾ, ਲਾਖਾ ਜਾਂ ਉਨਾਭੀ-ਕਾਲਾ ਹੁੰਦਾ ਹੈ।

**ਸੰਸਥਾ ਦੇ ਕਾਰਜ:-** ਸ਼੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਨਿਰੋਲ ਧਾਰਮਕਿ ਸੰਸਥਾ ਹੈ। ਇਸ ਦੇ ਸਾਰੇ ਮੈਂਬਰ ਦਸਾਂ ਨੌਂਹਾ ਦੀ ਕਿਰਤ ਵਿਚੋਂ ਅਤੇ ਆਪ ਸਾਧ-ਸੰਗਤ ਦੇ ਸਹਿਯੋਗ ਨਾਲ ਇਹ ਉਪਰਾਲੇ ਕਰ ਰਹੇ ਹਨ। ਸੰਸਥਾ ਵੱਲੋਂ ਹਰੇਕ ਸਾਲ ਗੁਰੂ ਜੀ ਦੇ ਜਨਮ ਦਿਵਸ ਤੇ ਇੱਕ ਟ੍ਰੈਕਟ (ਪੰਫਲਿਟ) 8-10 ਹਜਾਰ ਦੀ ਗਿਣਤੀ ਵਿੱਚ ਛਾਪ ਕੇ ਮੁਫਤ ਵੰਡਿਆ ਜਾਂਦਾ ਹੈ। ਵੱਖ-ਵੱਖ ਧਾਰਮਿਕ ਸਮਾਗਮਾਂ ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ। ਬੱਚਿਆਂ ਦੀਆਂ ਕਲਾਸਾਂ ਲਾਕੇ ਉਹਨਾਂ ਨੂੰ ਗੁਰੂ ਜੀ ਦੇ ਮਿਸ਼ਨ ਦੀ ਸਿਖਿਆ ਦਿੱਤੀ ਜਾਂਦੀ ਹੈ ਤਾਂ ਕਿ ਆਉਣ ਵਾਲੀ ਪੀੜ੍ਹੀ ਗੁਰੂ ਸਿਧਾਂਤਾ, ਆਪਣੇ ਇਤਿਹਾਸ'ਤੇ ਸੱਭਿਆਚਾਰ ਤੋਂ ਜਾਣੂੰ ਹੋ ਸਕੇ। ਇਹਨਾਂ ਬੱਚਿਆਂ ਨੂੰ ਨਸ਼ਿਆਂ ਅਤੇ ਹੋਰ ਬੁਰੀਆਂ ਆਦਤਾਂ ਤੋਂ ਦੂਰ ਰਹਿਣ ਵਾਲਾ, ਚੰਗੀ ਪੜ੍ਹਾਈ, ਕੌਮ ਦੀ ਸੇਵਾ ਭਾਵਨਾ, ਆਰਥਕਿ ਪੱਧਰ ਮਜਬੂਤ ਕਰਨ, ਕਰਮ-ਕਾਂਡਾ, ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾ ਤੋਂ ਰਹਿਤ, ਵਿਗਿਆਨਮਈ ਤੇ ਸਾਂਝੀਵਾਲਤਾ ਭਰਪੂਰ ਗੁਰੂ ਬਾਬੇ ਦੀ ਵਿਚਾਰਧਾਰਾ ਵਾਲਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਖੁਰਾਲਗੜ੍ਹ ਸਾਹਿਬ ਵਿਖੇ ਹਰੇਕ ਸਾਲ ਵਿਸਾਖੀ ਪੁਰਬ ਦੇ ਸਮਾਗਮ ਤੇ ਸੰਸਥਾ ਵੱਲੋਂ ਫਰੀ ਮੈਡੀਕਲ ਫਸਟਏਡ ਕੈਂਪ ਲਗਾਇਆ ਜਾਂਦਾ ਹੈ। ਪਿੰਡ-ਪਿੰਡ ਜਾ ਕੇ ਰਾਤ ਦੇ ਕੀਰਤਨ ਸਮਾਗਮ ਫਰੀ ਕੀਤੇ ਜਾਂਦੇ ਹਨ। ਕੌਮ ਦੇ ਧਾਰਮਿਕ ਸਮਾਗਮਾਂ ਤੇ ਫਰੀ ਅਤੇ ਲਾਗਤ ਮਾਤਰ ਕੀਮਤ ਵਾਲੀਆਂ ਕਿਤਾਬਾਂ ਦਾ ਸਟਾਲ ਲਗਾਇਆ ਜਾਂਦਾ ਹੈ। ਸੰਸਥਾ ਦੀ ਯੋਜਨਾ ਹੈ ਕਿ ਪਿੰਡ-ਪਿੰਡ ਜਾ ਕੇ ਕੇਡਰ ਕੈਂਪ ਲਗਾਏ ਜਾਣ ਤਾਂ ਕੇ ਗੁਰੂ ਰਵਿਦਾਸ ਮਿਸ਼ਨ ਦੇ ਪ੍ਰਚਾਰਕ ਤਿਆਰ ਕੀਤੇ ਜਾ ਸਕਣ। ਉਪਰੋਕਤ ਉਦੇਸ਼ਾਂ ਦੀ ਪੂਰਤੀ ਲਈ ਆਪ ਤੋਂ ਤਨ, ਮਨ, ਧਮਨ ਨਾਲ ਸਹਿਯੋਗ ਦੀ ਮੰਗ ਕੀਤੀ ਜਾਂਦੀ ਹੈ।

***************

## ਧਿਆਨ ਦੇਣ ਯੋਗ ਗੱਲਾਂ

– ਇਸ ਟ੍ਰੈਕਟ ਨੂੰ ਪੜਨ ਤੋਂ ਬਾਅਦ ਕੀ ਤੁਸੀਂ ਟ੍ਰੈਕਟ ਨੂੰ ਸੁੱਟ ਦਿਉਗੇ? ਕੀ ਤੁਸੀਂ ਇਸ ਨੂੰ ਕਿਸੇ ਬੱਚੇ ਨੂੰ ਖੇਡਣ ਲਈ ਦੇ ਦਿਉਗੇ? ਕੀ ਤੁਸੀਂ ਇਸ ਨੂੰ ਸਾਂਭ ਕੇ ਅਲਮਾਰੀ ਵਿੱਚ ਰੱਖ ਦਿਉਗੇ? ਕਿਰਪਾ ਕਰਕੇ ਇਸ ਤਰਾਂ ਨਾ ਕਰਨਾ ਆਪ ਪੜਨ ਤੋਂ ਬਾਅਦ ਇਹ ਟ੍ਰੈਕਟ ਕਿਸੇ ਹੋਰ ਸੱਜਣ ਨੂੰ ਪੜਨ ਲਈ ਦੇ ਦੇਣਾ।

– ਜੇਕਰ ਇਸ ਵਿਚਲੇ ਵਿਚਾਰ ਤਹਾਨੂੰ ਠੀਕ ਲਗਦੇ ਹਨ ਤਾਂ ਹੋਰ ਗੁਰੂ ਪ੍ਰੇਮੀਆਂ ਨੂੰ ਦੱਸੋ। ਸੱਥ ਵਿਚ ਇਕੱਠੇ ਹੋਣ ਸਮੇ, ਕਿਸੇ ਰਿਸ਼ਤੇਦਾਰੀ ਵਿਚ ਜਾਣ ਸਮੇ, ਕਿਸੇ ਗਮੀ–ਖ਼ੁਸ਼ੀ ਦੇ ਇਕੱਠ ਵਿਚ ਕਿਸੇ ਸਮਾਗਮ ਵਿਚ ਸਟੇਜ 'ਤੇ ਤੁਸੀਂ ਇਸ ਟ੍ਰੈਕਟ ਵਿੱਚੋਂ ਵਿਚਾਰ ਪੇਸ਼ ਕਰਕੇ ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰੋ।

– ਜੇਕਰ ਤੁਸੀਂ ਬੁਲਾਰੇ ਬਣਕੇ ਸਟੇਜ ਤੇ ਗੁਰੂ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਸਾਡੇ ਪਾਸੋਂ ਪ੍ਰਿੰਟ ਕੀਤੇ ਹੋਏ ਲੇਖ ਕੇਵਲ ਪੰਜ ਰੁਪਏ ਦੀਆਂ ਡਾਕ ਟਿਕਟਾਂ 'ਤੇ ਆਪਣਾ ਪਤਾ ਭੇਜ ਕੇ ਮੰਗਵਾ ਸਕਦੇ ਹੋ।

– ਜੇਕਰ ਇਹ ਟ੍ਰੈਕਟ ਤੁਸੀਂ ਕਿਸੇ ਧਾਰਮਿਕ ਸਮਾਗਮ, ਕੀਰਤਨ ਦਰਬਾਰ, ਪ੍ਰਭਾਤ ਫੇਰੀ 'ਤੇ ਵੰਡਣਾ ਚਾਹੁੰਦੇ ਹੋ ਤਾਂ ਇਹ ਸੰਸਥਾ ਤੋਂ ਮੁਫਤ ( ਉਪਲੱਬਧ ਹੋਣ 'ਤੇ ) ਪ੍ਰਾਪਤ ਕੀਤੇ ਜਾ ਸਕਦੇ ਹਨ।

– ਗੁਰੂ ਜੀ ਦੇ ਮਿਸ਼ਨ ਦਾ ਲਿਟਰੇਚਰ ਮੁਫਤ ਮੰਗਵਾਉਣ ਲਈ ਪੋਸਟ ਕਾਰਡ ਜਾਂ ਮੋਬਾਇਲ ਨੰ: 9814839944 ਤੇ SMS ਦੁਆਰਾ ਆਪਣਾ ਪਤਾ ਭੇਜੋ ਜੀ।

– ਸਤਿਗੁਰੂ ਰਵਿਦਾਸ ਜੀ ਦੀ ਬਾਣੀ ਦਾ ਗੁਟਕਾ ਸਾਹਿਬ ਹਿੰਦੀ ਜਾਂ ਪੰਜਾਬੀ ਵਿਚ ਛਪਿਆ ਮੰਗਵਾਉਣ ਲਈ ਆਪਣਾ ਪੂਰਾ ਪਤਾ ਤੇ ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜੋ।

– ਗੁਰੂ ਜੀ ਦੇ ਜੀਵਨ,ਇਤਿਹਾਸ,ਬਾਣੀ ਜਾਂ ਵਿਚਾਰਧਾਰਾ 'ਤੇ ਕਿਸੇ ਵੀ ਪ੍ਰਸ਼ਨ ਦਾ ਉੱਤਰ ਜਾਨਣ ਲਈ ਤੁਸੀਂ ਸੰਸਥਾ ਨਾਲ ਚਿੱਠੀ ਪੱਤਰ ਕਰ ਸਕਦੇ ਹੋ।

– ਸੰਸਥਾ ਦੇ ਸਹਿਯੋਗੀ ਮੈਂਬਰ ਬਣਨ ਲਈ ਦੋ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਮੈਂਬਰਸ਼ਿਪ ਫਾਰਮ ਮੰਗਵਾਓ ਜੀ।

–ਆਪਣੀ ਦੁਕਾਨ, ਦਫਤਰ ਵਿਚ ਇਹ ਟ੍ਰੈਕਟ ਮੁਫਤ ਦੇਣ ਲਈ ਰੱਖੋ।

– ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਮਦਦ ਦਿਓ ਤਾਂ ਕਿ ਵੱਧ ਤੋਂ ਵੱਧ ਲਿਟਰੇਚਰ ਛਾਪ ਕੇ ਫਰੀ ਵੰਡਿਆ ਜਾ ਸਕੇ,ਇਸ ਵਾਸਤੇ ਤੁਸੀਂ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿੱਚ ਸੰਸਥਾ ਦੇ ਅਕਾਊਂਟ ਨੰਬਰ...3920000101107244......... ਤੇ ਭੇਟਾ ਜਮ੍ਹਾਂ ਕਰਵਾ ਸਕਦੇ ਹੋ।

****************



ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ
ਸੀਰਗੋਵਰਧਨਪੁਰ ਵਾਰਾਨਸੀ (ਕਾਂਸ਼ੀ)



ਰਮੇਸ਼ ਕਲੇਰ

## ਆਉ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਜੁੜੀਏ

ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਵਿਸ਼ਵ ਵਿਆਪੀ ਵਿਚਾਰਧਾਰਾ ਹੈ। ਭਾਰਤ ਦਾ ਮੂਲ ਨਿਵਾਸੀ ਸਮਾਜ ਬੜਾ ਭਾਗਸ਼ਾਲੀ ਹੈ, ਜਿਸ ਦੇ ਰਹਿਬਰਾਂ ਨੇ ਇਕ ਅਜਿਹੀ ਵਿਚਾਰਧਾਰਾ ਦਿਤੀ ਹੈ। ਜਿਹੜੀ ਸਮੁੱਚੇ ਵਿਸ਼ਵ ਨੂੰ ਇਕ ਪਾਰਬ੍ਰਹਮ ਪਰਮਾਤਮਾ ਦਾ ਸੰਕਲਪ ਪ੍ਰਦਾਨ ਕਰਦੀ ਹੈ। ਪ੍ਰੰਤੂ ਅਸੀਂ ਆਪਣੇ ਰਹਿਬਰ ਸਤਿਗੁਰ ਰਵਿਦਾਸ ਜੀ ਦੀ ਵਿਚਾਰਧਾਰਾ ਤੋਂ ਕੋਹਾਂ ਦੂਰ ਖੜੇ ਹਾਂ ਅਤੇ ਮਨੂੰਵਾਦੀ ਸੋਚ ਦੇ ਪਿਛੇ ਲੱਗੇ ਹੋਏ ਹਾਂ। ਸਾਡਾ ਸਮਾਜ ਅੱਜ ਵੀ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ 'ਤੇ ਕਿਸਮਤ ਦੇ ਆਸਰਿਆਂ ਤੇ ਜੀ ਰਿਹਾ ਹੈ।

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਦੇ ਸਾਰੇ ਮੈਬਰ ਸਾਹਿਬਾਨ ਬੜੀ ਲਗਨ ਤੇ ਅਣਥਕ ਮਿਹਨਤ ਨਾਲ ਸਤਿਗੁਰ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾ ਰਹੇ ਹਨ। ਸੰਸਥਾ ਵਲੋਂ ਅਜਿਹੇ ਟ੍ਰੈਕਟ ਛਾਪ ਕੇ ਮੁਫਤ ਵੰਡੇ ਜਾਂਦੇ ਹਨ। ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਇਹਨਾਂ ਟ੍ਰੈਕਟਾਂ ਨੂੰ ਵੱਧ ਤੋਂ ਵੱਧ ਸੰਗਤਾਂ ਤੱਕ ਪਹੁੰਚਾਉਣ ਵਿਚ ਆਪੋ ਆਪਣਾ ਯੋਗਦਾਨ ਪਾਈਏ ਅਤੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਅਪਣਾ ਕਿ ਇਸ ਦਾ ਪ੍ਰਚਾਰ ਕਰੀਏ।

ਰਮੇਸ਼ ਕਲੇਰ
ਚੇਅਰਮੈਨ ਸ੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗੇਨਾਈਜੇਸ਼ਨ
ਫ਼ਾਰ ਹਿਊਮਨ ਰਾਈਟਸ (ਰਜਿ.) ਯੂ. ਕੇ.

****************



ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ
634ਵੇਂ ਪ੍ਰਕਾਸ਼ ਉਤਸਵ ਦੀ
ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈ ਹੋਵੇ !

# M/S. SHANKER DASS & SONS

(Estd. 1938)



Late Seth Shanker Dass
Founder

## SHANKAR DASS JEWELLERS

(Bolina Wale)

SPECIAL GOLDSMITHS



Rajinder Prasad
(Prop.)

## Lal Bazaar, Jalandhar City

Ph. : 0181-2212832, 2282832, Mob. : 98762-22026

---



Kulbhushan Bagha

## NEW SHANKER DASS & SONS

(Bolina Wale)



Pardeep Bagha

## ਨਿਊ ਸ਼ੰਕਰ ਦਾਸ ਐਂਡ ਸੰਨਜ਼

(ਬੋਲੀਨਾ ਵਾਲੇ)

Manufacturers & Traders of All Kinds of Gold, Silver & Diamond Ornaments

## Lal Bazaar, Jalandhar City

Ph. : 0181-2281732, Mob. : 098883-67861, 098889-99001
E-mail :-nshankerdassandsons@yahoo.com